# ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ

ਰਜਿ:ਦਫਤਰ:ਦੀ ਮਾਲ ਪਟਿਆਲਾ-147001

ਟੈਲੀਫੋਨ ਨੰ:0175-2213042 ਈਮੇਲ:sepersonnelpspcl@gmail.com; se-personnel@pspcl.in

ਦਫਤਰ: ਉਪ ਮੁੱਖ ਇੰਜੀਨੀਅਰ/ ਪ੍ਰਸੋਨਲ, ਪੀ.ਐਸ.ਪੀ.ਸੀ.ਐਲ. ਪਟਿਆਲਾ

ਅਮਲਾ ਅਗਜ਼ਟੀ-2, amhreng2@gmail.com, Fax: 0175-2215897

ਕਾਰਪੋਰੇਟ ਆਈ.ਡੀ ਨੰ:.U40109PB2010SGC033813 ਵੈਬ ਸਾਈਟ:www.pspcl.in


ਵੱਲ:

**ਅਤਿ ਜਰੂਰੀ**
**ਸਮਾਂ ਬੱਧ**

1. ਸਾਰੇ ਇੰਜ:-ਇਨ-ਚੀਫ/ਮੁੱਖ ਇੰਜ/ਜਨਰਲ ਮੈਨੇਜਰ(ਸਮੇਤ ਹਾਈਡਲ ਪ੍ਰੋਜੈਕਟਸ) ਪੰ:ਰਾ:ਪਾ:ਕਾ:ਲਿਮ/ ਟਰਾਂਸਕੋ ਅਤੇ ਬੀ.ਬੀ.ਐਮ.ਬੀ।
2. ਡੀ.ਜੀ.ਪੀ./ਵੀ.ਤੇ ਐਸ., ਪੰ:ਰਾ:ਪਾ:ਕਾ:ਲਿਮ/ਟਰਾਂਸਕੋ,ਪਟਿਆਲਾ।
3. ਸਾਰੇ ਉਪ ਮੁੱਖ ਇੰਜ:/ਨਿਗ. ਇੰਜੀ./ਪੰ:ਰਾ:ਪਾ:ਕਾ:ਲਿਮ/ਟਰਾਂਸਕੋ।
4. ਸਾਰੇ ਵਧੀਕ ਨਿਗ. ਇੰਜ:/ਸੀਨੀ.ਕਾ.ਕਾ.ਇੰਜੀ./ਪੰ:ਰਾ:ਪਾ:ਕਾ:ਲਿਮ/ਟਰਾਂਸਕੋ।
5. ਸਾਰੇ ਮੁੱਖ ਲੇਖਾ ਅਫਸਰ/ਮੁੱਖ ਵਿੱਤੀ ਅਫਸਰ, ਪੰ:ਰਾ:ਪਾ:ਕਾ:ਲਿਮ/ਟਰਾਂਸਕੋ,ਪਟਿਆਲਾ।
6. ਸਾਰੇ ਮੁੱਖ ਆਡੀਟਰ ਪੰ:ਰਾ:ਪਾ:ਕਾ:ਲਿਮ/ਟਰਾਂਸਕੋ,ਪਟਿਆਲਾ।
7. ਜਨਰਲ ਮੈਨੇਜਰ/ਵਿੱਤ/ਐਫ,ਏ ਐਂਡ ਸੀ.ਏ.ਓ. ਪੰ:ਰਾ:ਪਾ:ਕਾ:ਲਿਮ/ਟਰਾਂਸਕੋ, ਪਟਿਆਲਾ।
8. ਮੁੱਖ ਕਾਸਟ ਕੰਟਰੋਲਰ ਅਤੇ ਰਿਡਕਸ਼ਨ ਪੰ:ਰਾ:ਪਾ:ਕਾ:ਲਿਮ/ਟਰਾਂਸਕੋ, ਪਟਿਆਲਾ।
9. ਸਾਰੇ ਉੱਪ ਸੱਕਤਰ/ਸੰਯੁਕਤ ਸਕੱਤਰ, ਪੀ.ਐਸ.ਪੀ.ਸੀ.ਐਲ./ਟਰਾਂਸਕੋ, ਪਟਿਆਲਾ।

ਮੀਮੋ ਨੰ: 2639/3205 ਈ.ਐਨ.ਜੀ 7(1) 239/L ਮਿਤੀ : 06.12.2022

**Subject: Scheme for compassionate appointment to the wards of the deceased employees of PSEB (Now PSPCL) expired before 16.04.2010, who have earlier been covered under solatium policy.**

ਉਪਰੋਕਤ ਵਿਸ਼ੇ ਸਬੰਧੀ ਸੂਚਿਤ ਕੀਤਾ ਜਾਂਦਾ ਹੈ ਕਿ ਪੰ:ਰਾ:ਬਿ:ਬੋ ਹੁਣ ਪੀ.ਐਸ.ਪੀ.ਸੀ.ਐਲ ਅਧੀਨ ਜਿਨ੍ਹਾਂ ਮ੍ਰਿਤਕ ਕਰਮਚਾਰੀਆਂ ਦੀ ਮੌਤ 16.4.2010 ਤੋਂ ਪਹਿਲਾ ਹੋਈ ਸੀ ਅਤੇ ਜਿਨ੍ਹਾਂ ਆਸ਼ਰਿਤਾਂ ਦੇ ਕੇਸ ਸੋਲੇਸ਼ੀਅਮ ਪਾਲਿਸੀ ਅਧੀਨ ਕਵਰ ਹੁੰਦੇ ਸੀ, ਉਨ੍ਹਾਂ ਨੂੰ ਪੰਜਾਬ ਸਰਕਾਰ ਬਿਜਲੀ ਵਿਭਾਗ (ਊਰਜਾ ਸ਼ਾਖਾ) ਦੇ ਪੱਤਰਨੰ:11/79/2021-PE5/3676 ਮਿਤੀ 27.10.22 ਰਾਹੀਂ ਸੋਲੇਸ਼ੀਅਮ ਅਤੇ ਸਪੈਸ਼ਲ ਪੈਨਸ਼ਨ ਦੇ ਇਵਜ ਵਿੱਚ ਤਰਸ ਦੇ ਅਧਾਰ ਤੇ ਗਰੁੱਪ ਸੀ ਅਤੇ ਡੀ ਦੀ ਅਸਾਮੀ ਤੇ ਨੌਕਰੀ ਦੇਣ ਲਈ ਸਕੀਮ ਜਾਰੀ ਕੀਤੀ ਗਈ ਹੈ **(ਕਾਪੀ ਨੱਥੀ)**।

ਇਹ ਸਕੀਮ ਆਪਸ਼ਨਲ ਹੋਵੇਗੀ ਭਾਵ ਕਿ ਜਿਹੜੇ ਆਸ਼ਰਿਤ ਸੋਲੇਸ਼ੀਅਮ ਪਾਲਿਸੀ ਅਧੀਨ ਪ੍ਰਾਪਤ ਕੀਤੀ ਸੋਲੇਸ਼ੀਅਮ ਅਤੇ ਸਪੈਸ਼ਲ ਪੈਨਸ਼ਨ ਦੀ ਰਕਮ ਰੱਖਣਾ ਚਾਹੁੰਦੇ ਹਨ, ਉਨ੍ਹਾਂ ਨੂੰ ਮਿੱਲ ਚੁੱਕੇ ਜਾਂ ਮਿਲ ਰਹੇ ਲਾਭ ਜਾਰੀ ਰਹਿਣਗੇ ਅਤੇ ਜਿਹੜੇ ਆਸ਼ਰਿਤ ਇਸ ਸਕੀਮ ਅਧੀਨ ਤਰਸ ਦੇ ਅਧਾਰ ਤੇ ਨੌਕਰੀ ਲਈ ਅਪਲਾਈ ਕਰਨਾ ਚਾਹੁੰਦੇ ਹਨ ਉਨ੍ਹਾਂ ਨੂੰ ਸਕੀਮ ਦੀਆਂ ਸ਼ਰਤਾਂ ਅਧੀਨ ਸੋਲੇਸ਼ੀਅਮ ਦੀ ਰਕਮ ਸਮੇਤ 12% ਸਧਾਰਨ ਵਿਆਜ਼ ਅਤੇ ਸਪੈਸ਼ਲ ਪੈਨਸ਼ਨ ਤੇ ਸਧਾਰਨ ਪਰਿਵਾਰਕ ਪੈਨਸ਼ਨ ਦੇ ਅੰਤਰ (Difference of Special Pension and Normal Family Pension) ਦੀ ਬਣਦੀ ਰਕਮ ਸਮੇਤ 12% ਸਧਾਰਨ ਵਿਆਜ ਦੀਆਂ ਦੋਨੋਂ ਰਕਮਾਂ ਵਾਪਸ ਕਰਨੀਆਂ ਪੈਣਗੀਆਂ। ਇਸ ਸਕੀਮ ਅਧੀਨ ਜਿਹੜੇ ਚਾਹਵਾਨ ਆਸ਼ਰਿਤ ਤਰਸ ਦੇ ਅਧਾਰ ਤੇ ਨੌਕਰੀ ਲੈਣਾ ਚਾਹੁੰਦੇ ਹਨ, ਉਹ ਆਪਣੀ ਪ੍ਰਤੀਬੇਨਤੀ/ਆਪਸ਼ਨ ਮਿਤੀ 07.12.2022 ਤੋਂ 30 ਦਿਨਾਂ ਦੇ ਅੰਦਰ-ਅੰਦਰ ਪੀ.ਐਸ.ਪੀ.ਸੀ.ਐਲ ਦੀ ਵੈਬਸਾਈਟ www.pspcl.in ਉਤੇ ਉਪਲਬਧ **https://pspcl.in>Option for Compassionate Appointment** ਤੇ ਜਾ ਕੇ ਭਰ ਸਕਦੇ ਹਨ। ਇਹ ਲਿੰਕ 30 ਦਿਨਾਂ ਤੋਂ ਬਾਅਦ ਡਿਸੇਬਲ ਹੋ ਜਾਵੇਗਾ । ਬਿਨੈਕਾਰ ਵੱਲੋਂ ਆਨਲਾਈਨ ਸਬਮਿਟ ਕੀਤੀ ਪ੍ਰਤੀਬੇਨਤੀ/ਆਪਸ਼ਨ ਦਾ ਪ੍ਰਿੰਟਆਉਟ ਸਮੇਤ ਅਪਲੋਡ ਕੀਤੇ ਅਸਲ ਦਸਤਾਵੇਜ਼ ਸਬੰਧਤ ਦਫਤਰ ਜਿੱਥੇ ਮ੍ਰਿਤਕ ਕਰਮਚਾਰੀ ਮੌਤ ਸਮੇਂ ਤੈਨਾਤ ਸੀ ਜਾਂ ਜਿਸ ਦਫਤਰ ਤੋਂ ਮ੍ਰਿਤਕ ਦਾ ਪਰਿਵਾਰ ਪੈਨਸ਼ਨ ਲੈ ਰਿਹਾ ਹੈ, ਵਿਖੇ ਜਮਾ

ਕਰਵਾਇਆ ਜਾਵੇਗਾ। ਇਸ ਤੋਂ ਇਲਾਵਾ ਇਸ ਸਕੀਮ ਦੀਆਂ ਸਾਰੀਆਂ ਸ਼ਰਤਾ ਦੀ ਪਾਲਣਾ ਲਈ ਪਾਬੰਦ ਹੋਣ ਸਬੰਧੀ ਬਿਨੈਕਾਰ ਵੱਲੋਂ Executive Magistrate/Oath Commissioner/Notary Public ਤੋਂ ਤਸਦੀਕਸ਼ੁਦਾ ਹਲਫੀਆ ਬਿਆਨ **(ਨਮੂਨਾ ਨੱਥੀ)** ਵੀ ਆਨਲਾਈਨ ਲਿੰਕ ਤੇ ਅਪਲੋਡ ਕਰਨਾ ਹੋਵੇਗਾ। ਆਫ ਲਾਈਨ ਸਬਮਿਟ ਕੀਤੀ ਗਈ ਪ੍ਰਤੀਬੇਨਤੀ/ਆਪਸ਼ਨ ਕਿਸੀ ਵੀ ਸੂਰਤ ਵਿੱਚ ਮੰਨਣਯੋਗ ਨਹੀਂ ਹੋਵੇਗੀ।

ਇਸ ਸਬੰਧੀ ਲਿਖਿਆ ਜਾਂਦਾ ਹੈ ਕਿ ਉਪਰੋਕਤ ਪਾਲਿਸੀ ਦੀ ਕਾਪੀ ਸਬੰਧਤ ਵਿਭਾਗੀ ਮੁੱਖੀਆਂ ਵੱਲੋਂ ਆਪਣੇ ਪੱਧਰ ਤੇ ਆਪਣੇ ਅਧੀਨ ਆਉਂਦੇ ਹਲਕਾ ਦਫਤਰਾਂ/ਮੰਡਲ ਦਫਤਰਾਂ ਨੂੰ ਭੇਜਣੀ ਯਕੀਨੀ ਬਣਾਈ ਜਾਵੇ ਅਤੇ ਸਬੰਧਤ ਦਫਤਰਾਂ ਵੱਲੋਂ ਇਸ ਸਕੀਮ ਨੂੰ ਆਪਣੇ ਦਫਤਰਾਂ ਦੇ ਨੋਟਿਸ ਬੋਰਡ ਤੇ ਲਗਾਇਆ ਜਾਵੇ ਅਤੇ ਜਿਨ੍ਹਾਂ ਮ੍ਰਿਤਕ ਦੇ ਆਸ਼ਰਿਤਾਂ ਦੇ ਘਰ ਦੇ ਪਤੇ ਅਤੇ ਮੋਬਾਇਲ ਨੰਬਰ ਸਬੰਧਤ ਦਫਤਰਾਂ ਵਿੱਚ ਮੌਜੂਦ ਹਨ ਉਨ੍ਹਾਂ ਆਸ਼ਰਿਤਾਂ ਨੂੰ ਪੱਤਰ ਲਿਖ ਕੇ ਜਾਂ ਮੋਬਾਇਲ ਤੇ ਸੰਪਰਕ ਕਰਕੇ ਸੂਚਿਤ ਕੀਤਾ ਜਾਵੇ ਜੀ ਤਾਂ ਜ਼ੋ ਲੋੜਵੰਦ ਆਸ਼ਰਿਤ ਪਾਲਿਸੀ ਅਨੁਸਾਰ ਨੌਕਰੀ ਲਈ ਆਪਣੀ ਪ੍ਰਤੀਬੇਨਤੀ/ਆਪਸ਼ਨ ਨਿਰਧਾਰਤ ਸਮੇਂ ਵਿੱਚ ਆਨਲਾਈਨ ਲਿੰਕ ਤੇ ਭਰ ਸਕਣ।

- ਪਾਲਿਸੀ ਵਿੱਚ ਦਰਸਾਈਆਂ ਗਈਆਂ ਸ਼ਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਬੰਧਤ ਮ੍ਰਿਤਕ ਦੇ ਵਾਰਸਾਂ ਵੱਲੋਂ ਤਰਸ ਦੇ ਅਧਾਰ ਤੇ ਨੌਕਰੀ ਲੈਣ ਲਈ ਆਪਣੀ ਪ੍ਰਤੀਬੇਨਤੀ/ਆਪਸ਼ਨ ਆਨਲਾਈਨ ਪੋਰਟਲ ਤੇ ਸਬਮਿਟ ਕੀਤੀ ਜਾਵੇਗੀ ਅਤੇ ਇਸਦੀ ਕਾਪੀ ਸਮੇਤ ਅਪਲੋਡ ਕੀਤੇ ਦਸਤਾਵੇਜ਼ਾਂ ਦੀ ਅਸਲ ਕਾਪੀ ਸਬੰਧਤ ਦਫਤਰ ਜਿੱਥੇ ਮ੍ਰਿਤਕ ਕਰਮਚਾਰੀ ਮੌਤ ਦੇ ਸਮੇਂ ਤੈਨਾਤ ਸੀ ਜਾਂ ਜਿਹੜੇ ਦਫਤਰ ਤੋਂ ਮ੍ਰਿਤਕ ਕਰਮਚਾਰੀ ਦਾ ਪਰਿਵਾਰ ਪੈਨਸ਼ਨ ਲੈ ਰਿਹਾ ਹੈ,ਉਸ ਦਫਤਰ ਵਿਖੇ ਜਮਾਂ ਕਰਵਾਈ ਜਾਵੇਗੀ।

- ਬਿਨੈਕਾਰ ਵੱਲੋਂ ਆਨ-ਲਾਈਨ ਸਬਮਿਟ ਕੀਤੀ ਪ੍ਰਤੀਬੇਨਤੀ/ਆਪਸ਼ਨ ਦਾ ਪ੍ਰਿੰਟ ਆਊਟ ਸਮੇਤ ਅਪਲੋਡ ਕੀਤੇ ਅਸਲ ਦਸਤਾਵੇਜ਼ ਪ੍ਰਾਪਤ ਕਰਨ ਉਪਰੰਤ ਸਬੰਧਤ ਦਫਤਰ ਵੱਲੋਂ ਇਸ ਦੀ ਪ੍ਰਾਪਤੀ ਰਸੀਦ ਸਬੰਧੀ ਡਾਇਰੀ ਨੰਬਰ ਅਤੇ ਮਿਤੀ ਆਨ ਲਾਈਨ ਲਿੰਕ ਉੱਤੇ ਭਰੀ ਜਾਵੇਗੀ। ਬਿਨੈਕਾਰ ਦੀ ਪ੍ਰਤੀਬੇਨਤੀ/ਆਪਸ਼ਨ ਦੇ ਪ੍ਰਿੰਟ ਆਊਟ ਉੱਤੇ ਬਿਨੈਕਾਰ ਦੇ ਹਸਤਾਖਰ ਅਤੇ ਸਬੰਧਤ ਅਧਿਕਾਰੀ ਵੱਲੋਂ ਪ੍ਰਤੀ ਹਸਤਾਖਰ ਨੂੰ ਯਕੀਨੀ ਬਣਾਇਆ ਜਾਵੇ। ਇਸ ਤੋਂ ਇਲਾਵਾ ਇਸ ਪਾਲਿਸੀ ਦੀਆਂ ਸਾਰੀਆਂ ਸ਼ਰਤਾ ਦੀ ਪਾਲਣਾ ਲਈ ਪਾਬੰਦ ਹੋਣ ਸਬੰਧੀ ਬਿਨੈਕਾਰ ਵੱਲੋਂ ਅਸਲ ਹਲਫੀਆ ਬਿਆਨ ਪ੍ਰਾਪਤ ਕਰਨਾ ਵੀ ਯਕੀਨੀ ਬਣਾਇਆ ਜਾਵੇ। ਇਹ ਸਾਰੇ ਦਸਤਾਵੇਜ਼ ਆਪਣੇ ਰਿਕਾਰਡ ਹਿੱਤ ਦਫਤਰ ਵਿੱਚ ਰੱਖੇ ਜਾਣ।

- ਜਿਨ੍ਹਾਂ ਕੇਸਾਂ ਵਿੱਚ ਮ੍ਰਿਤਕ ਕਰਮਚਾਰੀ ਦੇ ਪਰਿਵਾਰ ਵੱਲੋਂ ਸੋਲੇਸ਼ੀਅਮ ਅਤੇ ਸਪੈਸ਼ਲ ਪੈਨਸ਼ਨ ਦੀ ਰਕਮ ਪ੍ਰਾਪਤ ਕਰਨ ਤੋਂ ਇੰਨਕਾਰੀ ਕੀਤੀ ਗਈ ਸੀ ਅਜਿਹੇ ਕੇਸਾਂ ਵਿੱਚ ਬਿਨੈਕਾਰ ਅਤੇ ਪਰਿਵਾਰ ਦੇ ਬਾਕੀ ਨਿਰਭਰ ਵਾਰਸਾਂ ਵੱਲੋਂ Executive Magistrate ਤੋਂ ਤਸਦੀਕਸ਼ੁਦਾ ਹਲਫੀਆ ਬਿਆਨ ਲਿਆ ਜਾਵੇ ਕਿ ਉਨ੍ਹਾਂ ਦੇ ਪਰਿਵਾਰ ਨੇ ਸੋਲੇਸ਼ੀਅਮ ਅਤੇ ਸਪੈਸ਼ਲ ਪੈਨਸ਼ਨ ਦੀ ਰਕਮ ਪ੍ਰਾਪਤ ਨਹੀਂ ਕੀਤੀ ਅਤੇ ਸਬੰਧਤ ਦਫਤਰ ਦੇ ਅਧਿਕਾਰੀ ਵੱਲੋਂ ਇਸ ਤੱਥ ਨੂੰ ਤਸਦੀਕ ਕਰਦੇ ਹੋਏ ਬਿਨੈਕਾਰ ਦਾ ਕੰਪਲੀਟ ਕੇਸ ਤਿਆਰ ਕਰਕੇ ਉਪ ਸਕੱਤਰ/ਅ:ਅ:-2,ਪਟਿਆਲਾ ਨੂੰ ਭੇਜਿਆ ਜਾਵੇ।

- ਜਿਹਨਾਂ ਕੇਸਾਂ ਵਿੱਚ ਸੋਲੇਸ਼ੀਅਮ ਅਤੇ ਸਪੈਸ਼ਲ ਪੈਨਸ਼ਨ ਦੀ ਰਕਮ ਵਸੂਲਣਯੋਗ ਹੈ, ਉਨ੍ਹਾਂ ਕੇਸਾਂ ਵਿੱਚ ਵਸੂਲਣਯੋਗ ਰਕਮ ਦੀ Pre-Audit ਕੀਤੀ ਕੈਲਕੁਲੇਸ਼ਨ ਸੀਟ ਪ੍ਰਾਰਥੀ ਨੂੰ ਦਿੱਤੀ ਜਾਵੇ ਅਤੇ ਉਸ ਦੀ ਪ੍ਰਾਪਤੀ ਰਸੀਦ ਇਸ ਸੀਟ ਦੀ ਕਾਪੀ ਉੱਤੇ ਲੈ ਲਈ ਜਾਵੇ।ਇਸ ਸਬੰਧੀ ਬਿਨੈਕਾਰ ਵੱਲੋਂ ਸਵੈ-ਘੋਸ਼ਣਾ ਲੈ ਲਈ ਜਾਵੇ ਕਿ ਪੀ.ਐਸ.ਪੀ.ਸੀ.ਐਲ ਵੱਲੋਂ ਮੰਗ ਕਰਨ ਦੇ 7 ਦਿਨਾਂ ਦੇ ਅੰਦਰ ਬਿਨੈਕਾਰ ਵੱਲੋ 25% ਰਕਮ ਜਮ੍ਹਾਂ ਕਰਵਾ ਦਿੱਤੀ ਜਾਵੇਗੀ ਅਤੇ ਉਸ ਵੱਲੋਂ ਇਹ ਰਕਮ ਨਿਰਧਾਰਤ ਸਮੇਂ ਵਿੱਚ ਜਮ੍ਹਾਂ ਨਾ ਕਰਵਾਉਣ ਦੀ ਸੂਰਤ ਵਿੱਚ ਜੇਕਰ ਉਸ ਦੇ ਤਰਸ ਦੇ ਅਧਾਰ ਤੇ ਨੌਕਰੀ ਦੇ ਕੇਸ ਦਾ ਨਿਪਟਾਰਾ ਕਰਨ ਵਿੱਚ ਕਿਸੇ ਤਰ੍ਹਾਂ ਦੀ ਦੇਰੀ ਹੁੰਦੀ ਹੈ ਤਾਂ ਇਸ ਲਈ ਉਹ ਆਪ ਜਿੰਮੇਵਾਰ ਹੋਵੇਗਾ ਅਤੇ ਬਿਨੈਕਾਰ ਦਾ

NO.11/79/2021-PE5/ 3676

GOVERNMENT OF PUNJAB
DEPARTMENT OF POWER
(ENERGY BRANCH)

Dated, Chandigarh 27th October, 2022

To

The Chairman and Managing Director
PSPCL, Patiala

Sub: **Scheme for compassionate Appointment to the wards of the deceased employees of PSEB (now PSPCL) expired before 16.04.2010 who have earlier been covered under solatium policy.**

Sir,

I am directed to convey that the Government of Punjab has decided to review the PSPCL policy of compassionate grounds dated 23.11.2004 of Punjab State Power Corporation Ltd to give job to the dependents of the deceased employees. The Department has decided to introduce a scheme for grant of compassionate appointment to the dependents of the deceased who have expired before 16.04.2010 and who have been earlier covered under solatium policy, as under, on the following conditions:-

A) This scheme for grant of compassionate employment shall be applicable prospectively to only those cases where the date of death of the deceased employee was before 16.04.2010 and which were earlier considered under solatium policy including the cases in which date of death of deceased employee was prior to the year, 2002 (the year in which compassionate appointment policy was discontinued).

B) This scheme for grant of compassionate employment shall be optional i.e. the dependents who don't want to opt for job on compassionate grounds under this scheme will be allowed to retain the benefits of solatium and/or special pension already availed under solatium policy However, those who want to opt for job on compassionate grounds will have to return the complete amount of Solatium and the difference of special pension and normal family pension along with simple interest of 12% per annum. 25% of this amount shall have to be submitted by the applicant before the issue of the appointment letter and the rest 75% of the amount shall have to be deposited within one year from the date of joining.

C) The eligible dependents, who want to avail the benefit of compassionate appointment under this scheme, will have to submit the application for job on compassionate grounds to the concerned office within 30 days from the date of issue this policy by PSPCL

D) The family of the deceased employee will have an option to apply a fresh for compassionate appointment under this scheme.

ਸਕੀਮ ਅਨੁਸਾਰ ਕੰਪਲੀਟ ਕੇਸ ਤਿਆਰ ਕਰਕੇ ਸਮੇਤ ਬਿਨੈਕਾਰ ਵੱਲੋ ਆਨ-ਲਾਈਨ ਸਬਮਿਟ ਕੀਤੀ ਪ੍ਰਤੀਬੇਨਤੀ ਦਾ ਪ੍ਰਿੰਟ ਆਉਟ,ਹਲਫੀਆ ਬਿਆਨ, ਸਵੈ-ਘੋਸ਼ਣਾ ਆਦਿ ਉਪ ਸਕੱਤਰ/ਅ:ਅ:-2 ਪਟਿਆਲਾ ਨੂੰ ਭੇਜਿਆ ਜਾਵੇ।

- ਸੋਲੇਸ਼ੀਅਮ ਅਤੇ ਸਪੈਸ਼ਲ ਪੈਨਸ਼ਨ ਦੀ ਵਸੂਲਨਯੋਗ ਰਕਮ ਦੀ ਕੈਲਕੁਲੇਸ਼ਨ ਸਬੰਧੀ ਸਮਰੱਥ ਅਧਿਕਾਰੀ ਵੱਲੋਂ ਹੇਠ ਅਨੁਸਾਰ ਫੈਸਲਾ ਲਿਆ ਗਿਆ ਹੈ :-

  "AO/Field or AO/EAD or Officer of equivalent rank (to be decided by Director/Finance) shall audit the figures of recoverable amount calculated by the concerned offices. Calculation of recoverable amount of Solatium and Special Pension will be as per Annexure- 'ਅ' " **(ਕਾਪੀ ਨੱਥੀ)**

- ਬਾਕੀ ਰਹਿੰਦੀ 75% ਰਕਮ ਦੀ ਰਿਕਵਰੀ ਸਬੰਧੀ ਸਮਰੱਥ ਅਧਿਕਾਰੀ ਵੱਲੋਂ ਹੇਠ ਅਨੁਸਾਰ ਫੈਸਲਾ ਲਿਆ ਗਿਆ ਹੈ :-

  "The 75% of the recoverable amount to be deposited within one year, shall be allowed to be deposited either in lumpsum, half-yearly, quarterly or monthly basis and 12% annual simple interest shall be charged on the balance recoverable amount till its realization.

  The concerned office (where the service book of the applicant/employee is maintained) shall ensure the recovery of remaining 75% amount with interest and shall also maintain the record of recovery of 75% amount with interest and ensure that the pre-audited calculation sheet is pasted in the service book of the concerned employee."

- ਬਿਨੈਕਾਰਾਂ ਦੀ ਤਰਸ ਦੇ ਅਧਾਰ ਤੇ ਨੌਕਰੀ ਦੀ ਉਮਰ ਦੀ ਸੀਮਾ ਅਤੇ ਯੋਗਤਾ ਦੇ ਹੋਰ ਪੈਮਾਨੇ ਪੰਜਾਬ ਸਰਕਾਰ, ਬਿਜਲੀ ਵਿਭਾਗ, ਊਰਜਾ ਸ਼ਾਖਾ ਵੱਲੋਂ ਇਸ ਸਕੀਮ ਦੀ ਨੋਟੀਫੀਕੇਸ਼ਨ ਦੀ ਮਿਤੀ 27.10.2022 ਨੂੰ ਅਧਾਰ ਮੰਨ ਕੇ ਨਿਰਧਾਰਤ/ਚੈਕ ਕੀਤੇ ਜਾਣਗੇ ।

ਇਹ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ ਜੀ।

ਨੱਥੀ/ਉਪਰੋਕਤ ਅਨੁਸਾਰ।

ਉਪ ਸਕੱਤਰ/ਅਮਲਾ-2,
ਪੀ.ਐਸ.ਪੀ.ਸੀ.ਐਲ, ਪਟਿਆਲਾ

ਪਿੱਠ ਅੰਕਣ ਨੰ: 3206 ਈ.ਐਨੀਜੀ. 7(1)239/L ਮਿਤੀ : 06.12.2022

ਉਪਰੋਕਤ ਦਾ ਉਤਾਰਾ ਉਕਤ ਪਾਲਿਸੀ ਅਧੀਨ ਕਵਰ ਹੁੰਦੇ ਆਸ਼ਰਿਤਾਂ ਦੀ ਜਾਣਕਾਰੀ ਲਈ ਵੈੱਬ ਸਾਈਟ ਉੱਤੇ ਅਪਲੋਡ ਕਰਦੇ ਹੋਏ ਲਿਖਿਆ ਜਾਂਦਾ ਹੈ ਕਿ ਜੇਕਰ ਕਿਸੇ ਆਸ਼ਰਿਤ ਨੂੰ ਪੀ.ਐਸ.ਪੀ.ਸੀ.ਐਲ. ਦੇ ਪੋਰਟਲ ਉੱਤੇ ਆਪਣੀ ਪ੍ਰਤੀਬੇਨਤੀ ਭਰਨ ਵਿਚ ਕੋਈ ਦਿੱਕਤ ਪੇਸ਼ ਆਉਂਦੀ ਹੈ ਤਾਂ ਉਹ :-

1) ਆਪਣੇ ਨਜ਼ਦੀਕੀ ਪੀ.ਐਸ.ਪੀ.ਸੀ.ਐਲ. ਦੇ ਦਫਤਰ ਜਾਂ ਉਹ ਦਫਤਰ ਜਿੱਥੇ ਮ੍ਰਿਤਕ ਕਰਮਚਾਰੀ ਮੌਤ ਦੇ ਸਮੇਂ ਤੈਨਾਤ ਸੀ ਜਾਂ ਉਹ ਦਫਤਰ ਜਿੱਥੋਂ ਮ੍ਰਿਤਕ ਦਾ ਪਰਿਵਾਰ ਪੈਨਸ਼ਨ ਲੈ ਰਿਹਾ ਹੈ, ਨੂੰ ਸੰਪਰਕ ਕਰ ਸਕਦਾ ਹੈ।
2) ਉਪ ਸਕੱਤਰ/ਅਗਜ਼ਟੀ ਅਮਲਾ-2, ਪੀ.ਐਸ.ਪੀ.ਸੀ.ਐਲ, ਮੁੱਖ ਦਫਤਰ ਪਟਿਆਲਾ ਨਾਲ ਸੰਪਰਕ ਕਰ ਸਕਦਾ ਹੈ।
3) ਪੀ.ਐਸ.ਪੀ.ਸੀ.ਐਲ. ਦੇ ਹੈਲਪਲਾਈਨ ਨੰਬਰ. **9646107679** ਤੇ ਸੰਪਰਕ ਕਰ ਸਕਦਾ ਹੈ।

ਉਪ ਸਕੱਤਰ/ਅਮਲਾ-2
ਪੀ.ਐਸ.ਪੀ.ਸੀ.ਐਲ,ਪਟਿਆਲਾ।

(ಅನುಬಂಧ 'ಇ')

## The calculation of recoverable amount of Solatium (TABLE-A) :

| 1 | 2 | 3 | 4 | 5 | 6 | 7 | 8 | 9 |
|---|---|---|---|---|---|---|---|---|
| Sr.No. | Emp.ID | File No. | Date of Death Deceased | Date of receipt of solatium amount | Solatium Amount | Period for which the solatium amount has been paid | Amount of Simple Interest @ 12% | Total Amount (6+8) |
| | | | | | | | | |

## The calculation of recoverable amount of special pension(TABLE:B)

| 1 | 2 | 3 | 4 | 5 | 6 | 7 | 8 | 9 | 10 | 11 | 12 | 13 |
|---|---|---|---|---|---|---|---|---|---|---|---|---|
| Sr. no. | Employe e I.D | File No. | Name of the deceased employee | Name of the Family Pensioner | Notional Date of Superannua tion of the Deceased Employee | Date of Death | Special Pension paid to the employee | Pension otherwise admissible to the employee (Liberalised/Normal Family Pension) . | Period for which the special pension has been paid | Difference in amount (8-9) | 12% Simple Interest | Total Amount (11+12) |
| | | | | | | | | | | | | |

Total Recoverable Amount: Total of TABLE A + Total of TABLE B

Part 1. Recovery of 25% of Total Recoverable Amount shall have to be deposited before the issue of the appointment letter.

Part 2. Recovery of remaining 75% of Total Recoverable Amount shall have to be deposited within one year from the date of joining of the applicant.

E) The system of giving jobs on compassionate basis was discontinued in the year 2002, so in view of the long standing gap in giving jobs, applicants can be given 5 year exemption to the upper age limits as per the extant instructions of the Punjab Government.

F) The applicants will be eligible only for Group 'C' or Group 'D' posts against the direct recruitment quota available at the time of appointment in the Department of the deceased employee.

The other conditions will be as applicable in the existing policy of PSPCL and State Government.

These instructions shall come into force with immediate effect and may be brought to the notice of all concerned.

Jagpal Singh
(Under Secretary)

## ਹਲਫੀਆ ਬਿਆਨ

ਮੈਂ........................ ਉਮਰ.................ਪੁੱਤਰ/ਪੁੱਤਰੀ/ਪਤਨੀ/ਪਤੀ ਲੇਟ ਸ੍ਰੀ/ਸ੍ਰੀਮਤੀ ............................ ਵਾਸੀ...................................... ਦਾ/ਦੀ ਰਹਿਣ ਵਾਲਾ/ਵਾਲੀ ਹਾਂ, ਹੇਠ ਲਿਖੇ ਅਨੁਸਾਰ ਹਲਫ ਨਾਲ ਬਿਆਨ ਕਰਦਾ/ਕਰਦੀ ਹਾਂ ਕਿ:-

1) ਇਹ ਕਿ ਮੈਂ ਆਪਣੇ ਪਿਤਾ/ਮਾਤਾ/ਭਰਾ/ਪਤਨੀ/ਪਤੀ ਦੀ ਪੰ:ਰਾ:ਬਿ:ਬੋ: ਹੁਣ ਪੀ.ਐਸ.ਪੀ.ਸੀ.ਐਲ., ਦੀ ਸੇਵਾ ਦੌਰਾਨ ਮੌਤ ਹੋਣ ਕਾਰਨ ਬਿਜਲੀ ਵਿਭਾਗ (ਊਰਜਾ ਸ਼ਾਖਾ) ਪੰਜਾਬ ਸਰਕਾਰ ਦੇ ਪੱਤਰ ਨੰ:**11/79/2021-PE5/3676** ਮਿਤੀ 27.10.22 ਰਾਹੀਂ ਜਾਰੀ ਸਕੀਮ ਅਤੇ ਉਪ ਸਕੱਤਰ/ਅਗਜਟੀ ਅਮਲਾ-2, ਪੀ.ਐਸ.ਪੀ.ਸੀ.ਐਲ., ਪਟਿਆਲਾ ਦੇ ਪੱਤਰ ਨੰ: 2639/3205 ਮਿਤੀ 06.12.2022 ਦੇ ਤਹਿਤ ਤਰਸ ਦੇ ਅਧਾਰ ਤੇ ਨੌਕਰੀ ਲੈਣ ਦੀ ਆਪਸ਼ਨ ਦਿੰਦਾ/ਦਿੰਦੀ ਹਾਂ। ਮੈਂ ਇਸ ਸਕੀਮ ਤਹਿਤ ਸੋਲੇਸ਼ੀਅਮ ਦੀ ਰਕਮ ਸਮੇਤ 12% ਸਧਾਰਨ ਵਿਆਜ਼ ਅਤੇ ਸਪੈਸ਼ਲ ਪੈਨਸ਼ਨ ਤੇ ਸਧਾਰਨ ਪਰਿਵਾਰਕ ਪੈਨਸ਼ਨ ਦੇ ਅੰਤਰ (Difference of Special Pension and Normal Family Pension) ਦੀ ਬਣਦੀ ਰਕਮ ਸਮੇਤ 12% ਸਧਾਰਨ ਵਿਆਜ ਦੀਆਂ ਦੋਨੋਂ ਰਕਮਾਂ ਪੀ.ਐਸ.ਪੀ.ਸੀ.ਐਲ. ਨੂੰ ਬਿਜਲੀ ਵਿਭਾਗ (ਊਰਜਾ ਸ਼ਾਖਾ) ਪੰਜਾਬ ਸਰਕਾਰ ਦੇ ਪੱਤਰ ਨੰ:**11/79/2021-PE5/3676** ਮਿਤੀ 27.10.22 ਵਿੱਚ ਦਰਜ਼ ਸ਼ਰਤਾਂ ਅਨੁਸਾਰ ਵਾਪਸ ਕਰਨ/ਜਮ੍ਹਾਂ ਕਰਵਾਉਣ ਲਈ ਪਾਬੰਦ ਹੋਵਾਂਗਾ/ਹੋਵਾਂਗੀ।
2) ਇਹ ਕਿ ਮੈਂ ਪੀ.ਐਸ.ਪੀ.ਸੀ.ਐਲ ਵਿੱਚ ਤਰਸ ਦੇ ਅਧਾਰ ਨੌਕਰੀ ਲੈਣ ਦੀ ਪੰਜਾਬ ਸਰਕਾਰ ਦੀ ਸਕੀਮ ਨੰ:**11/79/2021-PE5/3676** ਮਿਤੀ 27.10.22 ਅਤੇ ਉਪ ਸਕੱਤਰ/ਅਗਜਟੀ ਅਮਲਾ-2, ਪੀ.ਐਸ.ਪੀ.ਸੀ.ਐਲ., ਪਟਿਆਲਾ ਦੇ ਪੱਤਰ ਨੰ: 2639/3205 ਮਿਤੀ 06.12.2022 ਵਿੱਚ ਦਰਜ ਸਾਰੀਆਂ ਸ਼ਰਤਾਂ ਦੀ ਪਾਲਣਾ ਕਰਾਂਗਾ/ਕਰਾਂਗੀ, ਜੇਕਰ ਮੇਰੇ ਵੱਲੋਂ ਕਿਸੇ ਵੀ ਸ਼ਰਤ ਦੀ ਪਾਲਣਾ ਨਹੀਂ ਕੀਤੀ ਜਾਂਦੀ ਤਾਂ ਪੀ.ਐਸ.ਪੀ.ਸੀ.ਐਲ. ਮੇਰੇ ਵਿਰੁੱਧ ਕੋਈ ਵੀ ਕਾਰਵਾਈ ਕਰ ਸਕਦਾ ਹੈ। ਜਿਸ ਲਈ ਮੈਂ ਖੁਦ ਜਿੰਮੇਵਾਰ ਹੋਵਾਂਗਾ/ਹੋਵਾਂਗੀ ਅਤੇ ਮੈਂ ਇਸ ਸਬੰਧੀ ਕੋਈ ਕਾਨੂੰਨੀ ਕਾਰਵਾਈ ਨਹੀਂ ਕਰਾਂਗਾ/ਕਰਾਂਗੀ।
3) ਇਹ ਕਿ ਮੈਂ ਪੀ.ਐਸ.ਪੀ.ਸੀ.ਐਲ., ਵੱਲੋਂ ਸਮੇਂ ਸਮੇਂ ਤੇ ਜਾਰੀ ਹਦਾਇਤਾਂ/ਨਿਯਮਾਂ ਦੀ ਪਾਲਣਾ ਕਰਨ ਲਈ ਪਾਬੰਦ ਹੋਵਾਂਗਾ/ਹੋਵਾਂਗੀ।

ਬਿਆਨਕਰਤਾ

ਤਸਦੀਕ ਕੀਤਾ ਜਾਂਦਾ ਹੈ ਕਿ ਮੈਂ ਉਪਰੋਕਤ ਬਿਆਨ ਬਿਨ੍ਹਾਂ ਕਿਸੇ ਦਬਾਅ ਤੋਂ ਆਪਣੀ ਪੂਰੀ ਸੂਝ-ਬੂਝ ਨਾਲ ਦਿੱਤਾ ਹੈ ਅਤੇ ਉਕਤ ਬਿਆਨ ਵਿੱਚ ਮੈਂ ਕੁਝ ਵੀ ਲੁਕਾ-ਛੁਪਾ ਕੇ ਨਹੀਂ ਰੱਖਿਆ।

ਬਿਆਨਕਰਤਾ

ਮਿਤੀ:
ਸਥਾਨ:

## ਹਲਫੀਆ ਬਿਆਨ

ਮੈਂ.......................... ਉਮਰ................ਪੁੱਤਰ/ਪੁੱਤਰੀ/ਪਤਨੀ/ਪਤੀ ਲੇਟ ਸ੍ਰੀ/ਸ੍ਰੀਮਤੀ ............................... ਵਾਸੀ....................................... ਦਾ/ਦੀ ਰਹਿਣ ਵਾਲਾ/ਵਾਲੀ ਹਾਂ, ਹੇਠ ਲਿਖੇ ਅਨੁਸਾਰ ਹਲਫ ਨਾਲ ਬਿਆਨ ਕਰਦਾ/ਕਰਦੀ ਹਾਂ ਕਿ:-

1) ਇਹ ਕਿ ਮੈਂ ਆਪਣੇ ਪਿਤਾ/ਮਾਤਾ/ਭਰਾ/ਪਤਨੀ/ਪਤੀ ਦੀ ਪੰ:ਰਾ:ਬਿ:ਬੋ:, ਹੁਣ ਪੀ.ਐਸ.ਪੀ.ਸੀ.ਐਲ., ਦੀ ਸੇਵਾ ਦੌਰਾਨ ਮੌਤ ਹੋਣ ਕਾਰਨ ਬਿਜਲੀ ਵਿਭਾਗ (ਊਰਜਾ ਸ਼ਾਖਾ) ਪੰਜਾਬ ਸਰਕਾਰ ਦੇ ਪੱਤਰ ਨੰ:**11/79/2021-PE5/3676** ਮਿਤੀ 27.10.22 ਰਾਹੀਂ ਜਾਰੀ ਸਕੀਮ ਅਤੇ ਉਪ ਸਕੱਤਰ/ਅਗਜਟੀ ਅਮਲਾ-2, ਪੀ.ਐਸ.ਪੀ.ਸੀ.ਐਲ., ਪਟਿਆਲਾ ਦੇ ਪੱਤਰ ਨੰ: 2639/3205 ਮਿਤੀ 06.12.2022 ਦੇ ਤਹਿਤ ਤਰਸ ਦੇ ਅਧਾਰ ਤੇ ਨੌਕਰੀ ਲੈਣ ਦੀ ਆਪਸ਼ਨ ਦਿੰਦਾ/ਦਿੰਦੀ ਹਾਂ ਅਤੇ ਮੈਂ ਹਲਫ ਨਾਲ ਬਿਆਨ ਕਰਦਾ/ਕਰਦੀ ਹਾਂ ਕਿ ਮ੍ਰਿਤਕ ਕਰਮਚਾਰੀ ਦੇ ਕਿਸੇ ਵੀ ਆਸ਼ਰਿਤ ਵੱਲੋਂ ਸੋਲੇਸ਼ੀਅਮ ਦੀ ਰਕਮ ਪ੍ਰਾਪਤ ਨਹੀਂ ਕੀਤੀ।
2) ਮੈਂ ਹਲਫ ਨਾਲ ਬਿਆਨ ਕਰਦੀ/ਕਰਦਾ ਹਾਂ ਕਿ ਮ੍ਰਿਤਕ ਕਰਮਚਾਰੀ ਦੇ ਕਿਸੇ ਵੀ ਆਸ਼ਰਿਤ ਵੱਲੋਂ ਸਪੈਸ਼ਲ ਪੈਨਸ਼ਨ ਦੀ ਰਕਮ ਵੀ ਪ੍ਰਾਪਤ ਨਹੀਂ ਕੀਤੀ।
3) ਇਹ ਕਿ ਮੈਂ ਪੀ.ਐਸ.ਪੀ.ਸੀ.ਐਲ ਵਿੱਚ ਤਰਸ ਦੇ ਅਧਾਰ ਨੌਕਰੀ ਲੈਣ ਦੀ ਪੰਜਾਬ ਸਰਕਾਰ ਦੀ ਸਕੀਮ ਨੰ:**11/79/2021-PE5/3676** ਮਿਤੀ 27.10.22 ਅਤੇ ਉਪ ਸਕੱਤਰ/ਅਗਜਟੀ ਅਮਲਾ-2, ਪੀ.ਐਸ.ਪੀ.ਸੀ.ਐਲ., ਪਟਿਆਲਾ ਦੇ ਪੱਤਰ ਨੰ: 2639/3205 ਮਿਤੀ 06.12.2022 ਵਿੱਚ ਦਰਜ ਸਾਰੀਆਂ ਸ਼ਰਤਾਂ ਦੀ ਪਾਲਣਾ ਕਰਾਂਗਾ/ਕਰਾਂਗੀ, ਜੇਕਰ ਮੇਰੇ ਵੱਲੋਂ ਕਿਸੇ ਵੀ ਸ਼ਰਤ ਦੀ ਪਾਲਣਾ ਨਹੀਂ ਕੀਤੀ ਜਾਂਦੀ ਤਾਂ ਪੀ.ਐਸ.ਪੀ.ਸੀ.ਐਲ. ਮੇਰੇ ਵਿਰੁੱਧ ਕੋਈ ਵੀ ਕਾਰਵਾਈ ਕਰ ਸਕਦਾ ਹੈ।ਜਿਸ ਲਈ ਮੈਂ ਖੁਦ ਜਿੰਮੇਵਾਰ ਹੋਵਾਂਗਾ/ਹੋਵਾਂਗੀ ਅਤੇ ਮੈਂ ਇਸ ਸਬੰਧੀ ਕੋਈ ਕਾਨੂੰਨੀ ਕਾਰਵਾਈ ਨਹੀਂ ਕਰਾਂਗਾ/ਕਰਾਂਗੀ।
4) ਇਹ ਕਿ ਮੈਂ ਪੀ.ਐਸ.ਪੀ.ਸੀ.ਐਲ., ਵੱਲੋਂ ਸਮੇਂ ਸਮੇਂ ਤੇ ਜਾਰੀ ਹਦਾਇਤਾਂ/ਨਿਯਮਾਂ ਦੀ ਪਾਲਣਾ ਕਰਨ ਲਈ ਪਾਬੰਦ ਹੋਵਾਂਗਾ/ਹੋਵਾਂਗੀ।

ਬਿਆਨਕਰਤਾ

ਤਸਦੀਕ ਕੀਤਾ ਜਾਂਦਾ ਹੈ ਕਿ ਮੈਂ ਉਪਰੋਕਤ ਬਿਆਨ ਬਿਨ੍ਹਾਂ ਕਿਸੇ ਦਬਾਅ ਤੋਂ ਆਪਣੀ ਪੂਰੀ ਸੂਝ-ਬੂਝ ਨਾਲ ਦਿੱਤਾ ਹੈ ਅਤੇ ਉਕਤ ਬਿਆਨ ਵਿੱਚ ਮੈਂ ਕੁਝ ਵੀ ਲੁਕਾ-ਛੁਪਾ ਕੇ ਨਹੀਂ ਰੱਖਿਆ।

ਬਿਆਨਕਰਤਾ

ਮਿਤੀ:

ਸਥਾਨ: